# ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ।

ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਪੰਜਵੀ ਮੰਜਿਲ, ਬਲਾਕ-ਈ, ਫੇਜ਼-8, ਅਜੀਤਗੜ੍ਹ (ਮੋਹਾਲੀ)
ਫੋਨ ਨੰ: 0172-5212345 ਫੈਕਸ ਨ: 0172-5212369, 5212370
ਈ-ਮੇਲ: ssacivilworks.punjab@gmail.com Website: ssapunjab.org


ਵੱਲ ਯਾਦ ਪੱਤਰ

ਮਾਨਯੋਗ ਵਧੀਕ ਮੁੱਖ ਸਕੱਤਰ
ਸਥਾਨਕ ਸਰਕਾਰ,ਪੰਜਾਬ।

ਮੀਮੋ ਨੰ: ਸਸਅ/ਸਿਵਲ ਵਰਕਸ/2017/
ਮਿਤੀ, ਐਸ.ਏ.ਐਸ ਨਗਰ :

ਵਿਸ਼ਾ :- ਸਕੂਲਾਂ ਵਿੱਚ ਵਾਟਰ ਸਪਲਾਈ ਦੀ ਸੁਵਿਧਾ ਮੁਹੱਈਆ ਕਰਵਾਉਣ ਸਬੰਧੀ।

ਹਵਾਲਾ ਨੰ:- ਇਸ ਦਫਤਰ ਦੇ ਪੱਤਰ ਨੰ ਸਸਅ/ਸਿਵਲ ਵਰਕਸ/2016/13519 ਮਿਤੀ 14/09/2016 ਅਤੇ ਪੱਤਰ ਨੰ ਸਸਅ/ਸਿਵਲ ਵਰਕਸ/2016/16461 ਮਿਤੀ 18/11/2016 ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਨਮੁੱਖ ਹਵਾਲੇ ਅਧੀਨ ਪੱਤਰ ਰਾਹੀਂ ਆਪ ਜੀ ਨੂੰ ਪੰਜਾਬ ਦੇ ਅਰਬਨ ਏਰੀਏ ਦੇ ਕੁੱਲ 59 ਸਰਕਾਰੀ ਸਕੂਲਾਂ ਵਿੱਚ ਪੀਣ ਵਾਲੇ ਪਾਣੀ ਦੀ ਸੁਵਿਧਾ ਮੁਹੱਈਆ ਕਰਵਾਉਣ ਸਬੰਧੀ ਸਕੂਲਾਂ ਦੀ ਸੂਚੀ ਇਸ ਦਫਤਰ ਵੱਲੋਂ ਮਿਤੀ 18/11/2016 ਨੂੰ ਕਾਰਵਾਈ ਕਰਨ ਹਿੱਤ ਭੇਜੀ ਗਈ ਸੀ ਅਤੇ ਲਿਖਿਆ ਗਿਆ ਸੀ ਕਿ ਆਪਣੇ ਫੀਲਡ ਸਟਾਫ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਇਨ੍ਹਾਂ ਸਕੂਲਾਂ ਵਿਚ ਵਿਜ਼ਟ ਕਰਕੇ ਪੀਣ ਵਾਲੇ ਪਾਣੀ ਦਾ ਯੋਗ ਉਪਬੰਧ ਕਰਵਾਉਣ। ਪਰੰਤੂ ਆਪ ਜੀ ਦੇ ਦਫਤਰ ਵੱਲੋਂ ਇਸ ਸਬੰਧੀ ਕੋਈ ਕਾਰਵਾਈ ਰਿਪੋਰਟ ਇਸ ਦਫਤਰ ਨੂੰ ਨਹੀ ਭੇਜੀ ਗਈ ਹੈ।

2.0 ਉੱਕਤ ਸਬੰਧੀ ਆਪ ਜੀ ਨੂੰ ਯਾਦ ਪੱਤਰ ਰਾਹੀਂ ਲਿਖਿਆ ਜਾਂਦਾ ਹੈ ਕਿ ਆਪ ਜੀ ਦੇ ਦਫਤਰ ਵੱਲੋਂ ਉੱਕਤ ਸਕੂਲਾਂ ਵਿਚ ਪੀਣੇ ਵਾਲੇ ਪਾਣੀ ਮੁੱਹਈਆ ਕਰਵਾਉਣ ਲਈ ਕੀਤੀ ਗਈ ਕਾਰਵਾਈ ਸਬੰਧੀ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।

-ਸ਼ੀ-

ਵਧੀਕ ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ।

ਪਿੱਠ ਅੰਕਣ ਨੰ: ਸਸਅ/ਸਿਵਲ ਵਰਕਸ/2017/ 4055 ਮਿਤੀ: 28/05 /2017

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਕਾਰਵਾਈ ਕਰਨ ਹਿੱਤ ਭੇਜਕੇ ਲਿਖਿਆ ਜਾਂਦਾ ਹੈ ਕਿ ਵਿਸ਼ਾ ਅੰਕਿਤ ਮਾਮਲੇ ਸਬੰਧ ਵਿਚ ਜਿਲ੍ਹਾ ਸਿੱਖਿਆ ਵਿਕਾਸ ਕਮੇਟੀ ਦੀ ਮੀਟਿੰਗਾਂ ਵਿਚ ਇਸ ਦੀ ਸਮੀਖਿਆ ਕੀਤੀ ਜਾਵੇ :-

1. ਸਮੂਹ ਡਿਪਟੀ ਕਮਿਸ਼ਨਰਜ਼,ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ/ਐ.ਸਿੱ),ਪੰਜਾਬ।

ਵਧੀਕ ਸਟੇਟ ਪ੍ਰਾਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ।


## ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ)ਅੰਮ੍ਰਿਤਸਰ

ਈ ਮੇਲ: pes.amr@gmail.com ਫੋਨ ਨੰਬਰ : 0183-2225897 ਫੈਕਸ 0183-2225896


ਪਿੱਠ ਅੰਕਣ ਨੰ :ਗਾਈਡੈਂਸ/ਅੰਮ੍ਰਿਤਸਰ/ 29 ਮਿਤੀ : 05/05/2017

ਉਪਰੋਕਤ ਦਾ ਉਤਾਰਾ ਜਿਲ੍ਹੇ ਦੇ ਸਮੂਹ ਕਲੱਸਟਰ ਮੁੱਖੀ ਆਪਣੇ ਅਧੀਨ ਆਉਦੇਂ ਸਾਰੇ ਸਕੂਲਾਂ ਵਿੱਚ ਪੀਣ ਵਾਲੇ ਪਾਣੀ ਨੂੰ ਚੈਕ ਕਰਨ ਅਤੇ ਇਸ ਵਿੱਚ ਪਾਈਆਂ ਗਈਆਂ ਤਰੁਟੀਆਂ ਦੂਰ ਕਰਕੇ ਤੁਰੰਤ ਇਸ ਦਫਤਰ ਨੂੰ ਰਿਪੋਰਟ ਭੇਜਣ।ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਜ਼ਿਲ੍ਹਾ ਸਿਖਿਆ ਅਫਸਰ(ਸੈ.ਸਿ)
ਅੰਮ੍ਰਿਤਸਰ

5/5/2017